ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਐਸ.ਏ.ਐਸ ਨਗਰ।
(ਬਜਟ ਸਾਖਾ)

ਵੱਲ:

1. ਸਮੂਹ ਮੰਡਲ / ਜਿਲਾ ਸਿੱਖਿਆ ਅਫਸਰ(ਸੈ:ਸਿ)।
2. ਰਾਜ ਦੇ ਸਮੂਹ ਪ੍ਰਿੰਸੀਪਲ ਇੰਨ ਸਰਵਿਸ ਟ੍ਰੇਨਿੰਗ ਸੈਂਟਰ।
3. ਡਿਪਟੀ ਡਾਇਰੈਕਟਰ, ਰਾਜ ਸਾਇੰਸ ਸਿੱਖਿਆ ਸੰਸਥਾ ਪੰਜਾਬ, ਚੰਡੀਗੜ੍ਹ।
4. ਡਿਪਟੀ ਡਾਇਰੈਕਟਰ ਗਾਈਡੈਂਸ ਬਿਊਰੋ, ਪੰਜਾਬ, ਅਜੀਤਗੜ੍ਹ।
5. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਅਜੀਤਗੜ੍ਹ।
6. ਪਿੰਸੀਪਲ, ਪੀ.ਟੀ.ਟੀ.ਟੀ.ਆਈ ਮਾਹਿਲਪੁਰ (ਹੁਸ਼ਿਆਰਪੁਰ)।
7. ਰਜਿਸਟਰਾਰ ਸਿੱਖਿਆ ਵਿਭਾਗ।
8. ਓ.ਐਸ.ਡੀ (ਸਕਾਲਰਸ਼ਿਪ)
9. ਡਿਪਟੀ ਡਾਇਰੈਕਟਰ(ਪ੍ਰਾ.ਏ.ਸ)
10. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ), ਪੰਜਾਬ, ਐਸ.ਏ.ਐਸ ਨਗਰ।
11. ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 11/1-14 ਬਜਟ (4)/1-46
ਮਿਤੀ ਐਸ.ਏ.ਐਸ ਨਗਰ: 2-1-2015

ਵਿਸ਼ਾ: **ਲੇਖਾ ਮੱਦ "2202 ਜਨਰਲ ਸਿੱਖਿਆ"** ਅਧੀਨ ਸਾਲ 2014-15 ਵਿੱਚ ਬਿਜਲੀ, ਪਾਣੀ, ਟੈਲੀਫੋਨ, ਟੀ.ਏ ਅਤੇ ਦਫਤਰੀ ਖਰਚੇ ਆਦਿ ਦੇ ਬਿੱਲ ਖਜਾਨੇ ਭੇਜਣ ਸਬੰਧੀ।

ਅੱਜ ਮਿਤੀ 2-1-2014 ਨੂੰ ਸਿਵਲ ਸਕੱਤਰੇਤ ਵਿਖੇ ਵਧੀਕ ਸਕੱਤਰ ਵਿੱਤ ਜੀ ਨਾਲ ਸੋਧੇ ਬਜਟ ਅਨੁਮਾਨ ਸਾਲ 2014-15 ਅਤੇ ਬਜਟ ਅਨੁਮਾਨ 2015-16 ਸਬੰਧੀ ਮੀਟਿੰਗ ਅਟੈਂਡ ਕੀਤੀ ਗਈ। ਉਹਨਾਂ ਵਲੋਂ ਗੰਭੀਰ ਨੋਟਿਸ ਲਿਆ ਗਿਆ ਕਿ ਬਿਜਲੀ, ਪਾਣੀ, ਟੈਲੀਫੋਨ, ਟੀ.ਏ ਅਤੇ ਦਫਤਰੀ ਖਰਚੇ ਆਦਿ ਵਿੱਚ ਸੋਧੇ ਬਜਟ ਅਨੁਮਾਨਾਂ ਲਈ ਵਿਭਾਗ ਵਲੋਂ ਮੰਗ ਕੀਤੀ ਜਾ ਰਹੀ ਹੈ ਪਰ ਹੁਣ ਤੱਕ ਅਲਾਟ ਹੋਈ ਰਾਸ਼ੀ ਪੂਰੀ ਤੌਰ ਤੇ ਵਰਤੀ ਨਹੀਂ ਗਈ ਕਿਉਂਕਿ ਵਿਭਾਗ ਵਲੋਂ ਖਜਾਨੇ ਵਿੱਚ ਬਿਲ ਪੇਸ਼ ਨਹੀਂ ਕੀਤੇ ਗਏ। ਵਿਭਾਗ ਦੀ ਸੋਧੇ ਬਜਟ ਅਨੁਮਾਨਾ ਦੀ ਮੰਗ ਤੇ ਤਾਂ ਹੀ ਗੌਰ ਹੋ ਸਕਦਾ ਹੈ ਜੇਕਰ ਅਲਾਟਿਡ ਬਜਟ ਪੂਰੀ ਤਰਾਂ ਵਰਤਿਆ ਜਾਂਦਾ ਹੈ।

ਇਸਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 8-1-2015 ਤੱਕ ਅਲਾਟ ਹੋਈ ਰਾਸ਼ੀ ਅਨੁਸਾਰ ਬਿੱਲ ਖਜਾਨੇ ਵਿੱਚ ਪੇਸ਼ ਕੀਤੇ ਜਾਣ ਅਤੇ ਜੇਕਰ ਅਲਾਟਿਡ ਰਾਸ਼ੀ ਜਿਆਦਾ ਹੋਵੇ ਤਾਂ ਉਹ ਰਾਸ਼ੀ ਇਸ ਦਫਤਰ ਨੂੰ ਸਰੰਡਰ ਕੀਤੀ ਜਾਵੇ ਤਾਂ ਜੋ ਅਲਾਟਿਡ ਰਾਸ਼ੀ ਨਿਲ ਹੋ ਸਕੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇ ਵਿੱਤ ਵਿਭਾਗ ਵਲੋਂ ਬਜਟ ਵਿੱਚ ਕੱਟ ਲਗਾਇਆ ਜਾਂਦਾ ਹੈ ਤਾਂ ਉਸਦੀ ਜਿੰਮੇਵਾਰੀ ਆਪਦੀ ਨਿੱਜੀ ਹੋਵੇਗੀ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ) ਪੰਜਾਬ

ਪਿੱਠ ਅੰਕਣ ਨੰ: 11/1-14 ਬਜਟ (4)/47
ਮਿਤੀ, ਐਸ.ਏ.ਐਸ ਨਗਰ: 2-1-15

ਇਸ ਦਾ ਉਤਾਰਾ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਖਰਚਾ-2 ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ) ਪੰਜਾਬ